# ਵਿੱਤੀ ਸਹਾਇਤਾ ਸੰਬੰਧੀ ਨੀਤੀ ਦਾ
# ਸਿੱਧੀ ਭਾਸ਼ਾ ਵਿੱਚ ਸਾਰ

California Rehabilitation Institute ਉਨ੍ਹਾਂ ਮਰੀਜ਼ਾਂ ਨੂੰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਵਾਸਤੇ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਭੁਗਤਾਨ ਕਰਨ ਵਿੱਚ ਸਮਰੱਥ ਨਹੀਂ ਹਨ। ਹੇਠਾਂ California Rehabilitation Institute ਵਿਖੇ ਉਪਲਬਧ ਵਿੱਤੀ ਸਹਾਇਤਾ ਦਾ ਸਾਰ ਦਿੱਤਾ ਗਿਆ ਹੈ।

## ਤੁਹਾਡੇ ਬਿੱਲ ਦੇ ਭੁਗਤਾਨ ਵਿੱਚ ਸਹਾਇਤਾ

ਜੇਕਰ ਤੁਹਾਡੇ ਕੋਲ ਬੀਮਾ ਨਹੀਂ ਹੈ, ਤਾਂ ਅਸੀਂ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੇ ਹਾਂ। ਯੋਗ ਦੇਖਭਾਲ ਵਿੱਚ Medicare ਦੁਆਰਾ ਪਰਿਭਾਸ਼ਤ ਕੀਤੀਆਂ ਡਾਕਟਰੀ ਤੌਰ 'ਤੇ ਜ਼ਰੂਰੀ ਸੇਵਾਵਾਂ (ਕਿਸੇ ਬਿਮਾਰੀ ਜਾਂ ਸੱਟ ਦੇ ਨਿਦਾਨ ਜਾਂ ਇਲਾਜ ਲਈ ਉਪਯੁਕਤ ਅਤੇ ਜ਼ਰੂਰੀ ਸੇਵਾਵਾਂ ਜਾਂ ਆਈਟਮਾਂ) ਸ਼ਾਮਲ ਹਨ।

ਤੁਹਾਨੂੰ ਮੁਫ਼ਤ ਵਿੱਚ ਦੇਖਭਾਲ ਪ੍ਰਾਪਤ ਹੋਵੇਗੀ ਜਾਂ ਬੀਮੇ ਦੇ ਭੁਗਤਾਨ ਤੋਂ ਬਾਅਦ ਮਰੀਜ਼ ਦੀ ਦੇਣਦਾਰੀ ਨੂੰ 100% ਚੁਕਾਇਆ ਜਾਵੇਗਾ, ਜੇਕਰ ਤੁਹਾਡੀ ਆਮਦਨ ਫੈਡਰਲ ਪੂਵਰਟੀ ਇਨਕਮ ਦਿਸ਼ਾ-ਨਿਰਦੇਸ਼ਾਂ ਤਹਿਤ 200% ਤੋਂ ਵੱਧ ਨਹੀਂ ਹੈ। ਗ਼ੈਰ-ਬੀਮਿਤ ਅਤੇ ਫੈਡਰਲ ਪੂਵਰਟੀ ਇਨਕਮ ਦਿਸ਼ਾ-ਨਿਰਦੇਸ਼ਾਂ ਤਹਿਤ 400% ਤੱਕ ਪਰਿਵਾਰਕ ਆਮਦਨ ਵਾਲੇ ਕੁੱਝ ਹੋਰ ਮਰੀਜ਼ਾਂ ਵਾਸਤੇ ਉਨ੍ਹਾਂ ਦੇ ਬਿੱਲ ਦੇ ਖ਼ਰਚਿਆਂ ਨੂੰ ਅੰਸ਼ਕ ਰੂਪ ਵਿੱਚ ਚੁਕਾਇਆ ਜਾ ਸਕਦਾ ਹੈ। Medicaid ਕਵਰੇਜ਼ ਵਾਸਤੇ ਸਾਰੇ ਉਮੀਦਵਾਰਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਵਿੱਤੀ ਸਹਾਇਤਾ ਲਈ ਵਿਚਾਰ ਕੀਤੇ ਜਾਣ ਲਈ ਉਨ੍ਹਾਂ ਨੂੰ Medicaid ਨੁਮਾਇੰਦਿਆਂ ਦਾ ਸਹਿਯੋਗ ਕਰਨਾ ਲਾਜ਼ਮੀ ਹੋਵੇਗਾ।

ਜੇਕਰ ਤੁਸੀਂ ਉਪਰੋਕਤ ਆਮਦਨ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦੇ, ਤਾਂ ਤੁਹਾਡੀ ਬੀਮਾ ਸਥਿਤੀ ਦੀ ਬਜਾਏ, ਵਿੱਤੀ ਸਹਾਇਤਾ ਲਈ ਤੁਹਾਡੀ ਮਾਮਲਾ-ਦਰ-ਮਾਮਲਾ ਅਧਾਰ 'ਤੇ ਜਾਂਚ ਕੀਤੀ ਜਾਵੇਗੀ। ਅਸਧਾਰਨ ਨਿੱਜੀ ਜਾਂ ਵਿੱਤੀ ਪਰਿਸਥਿਤੀਆਂ ਬਾਰੇ ਚਰਚਾ ਕਰਨ ਲਈ ਜਾਂ ਜੇਕਰ ਕੋਈ ਅਜਿਹੀਆਂ ਖ਼ਾਸ ਮੈਡੀਕਲ ਸਥਿਤੀਆਂ ਹਨ ਜਿਨ੍ਹਾਂ ਵਿੱਚ ਇਲਾਜ ਸਿਰਫ਼ California Rehabilitation Institute ਮੈਡੀਕਲ ਸਟਾਫ ਵੱਲੋਂ ਹੀ ਪ੍ਰਦਾਨ ਕੀਤਾ ਜਾ ਸਕਦਾ ਹੈ, ਤਾਂ ਸਾਡੇ ਨਾਲ ਸੰਪਰਕ ਕਰੋ।

ਜੇਕਰ ਤੁਹਾਨੂੰ ਸਾਡੀ ਨੀਤੀ ਦੇ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਹੁੰਦੀ ਹੈ, ਤਾਂ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਲਈ ਤੁਹਾਡੇ ਤੋਂ ਉਸ ਨਾਲੋਂ ਵੱਧ ਰਕਮ ਨਹੀਂ ਵਸੂਲੀ ਜਾਵੇਗੀ ਜਿੰਨੀ ਅਸੀਂ ਆਮ ਮਰੀਜ਼ਾਂ ਤੋਂ Medicare ਕਵਰੇਜ਼ ਪ੍ਰਦਾਨ ਕਰਨ ਲਈ ਵਸੂਲਦੇ ਹਾਂ।

## ਅਪਲਾਈ ਕਿਵੇਂ ਕਰਨਾ ਹੈ

ਤੁਸੀਂ ਸਾਡੀ ਸੰਪੂਰਨ ਵਿੱਤੀ ਸਹਾਇਤਾ ਨੀਤੀ, ਸਿੱਧੀ ਭਾਸ਼ਾ ਵਿੱਚ ਸਾਰ ਅਤੇ ਅਰਜ਼ੀ ਫਾਰਮ ਦੀ ਇੱਕ ਕਾਪੀ ਹੇਠਾਂ ਦਿੱਤੇ ਵਿੱਚੋਂ ਕਿਸੇ ਵੀ ਇੱਕ ਤਰੀਕੇ ਨਾਲ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ:
(1) California Rehabilitation Institute ਦੀ ਵੈੱਬਸਾਈਟ
https://www.californiarehabinstitute.com 'ਤੇ
(2) ਦਾਖ਼ਲਾ ਖੇਤਰ ਵਿੱਚ; ਜਾਂ
(3) (888) 868-1103 ਉੱਤੇ ਗਾਹਕ ਸੇਵਾ ਨੂੰ ਕਾਲ ਕਰਕੇ।

California Rehabilitation INSTITUTE
A Cedars/UCLA Health Partnership

ਤੁਸੀਂ ਅਰਜ਼ੀ ਸਪੁਰਦ ਕਰਵਾ ਕੇ ਅਤੇ ਆਮਦਨ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਭਰਤੀ ਜਾਂ ਬਿਲਿੰਗ ਪ੍ਰਕਿਰਿਆ ਵਿੱਚ ਕਿਸੇ ਵੀ ਸਮੇਂ ਅਪਲਾਈ ਕਰ ਸਕਦੇ ਹੋ। ਵਿੱਤੀ ਸਹਾਇਤਾ ਦੀਆਂ ਸਾਰੀਆਂ ਅਰਜ਼ੀਆਂ ਚਾਹੇ ਇਹ ਵਿਅਕਤੀਗਤ ਰੂਪ ਵਿੱਚ, ਆਨਲਾਈਨ ਭਰੀਆਂ ਹੋਣ, ਡਿਲੀਵਰ ਜਾਂ ਡਾਕ ਰਾਹੀਂ ਭੇਜੀਆਂ ਹੋਣ, ਮੁਲਾਂਕਣ ਅਤੇ ਪ੍ਰਕਿਰਿਆ ਕਰਨ ਲਈ ਅੱਗੇ ਕੇਂਦਰੀ ਕਾਰੋਬਾਰੀ ਦਫ਼ਤਰ ਨੂੰ ਭੇਜੀਆਂ ਜਾਣਗੀਆਂ। ਜੇਕਰ ਤੁਹਾਨੂੰ ਅਪਲਾਈ ਕਰਨ ਵਿੱਚ ਕਿਸੇ ਵੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੁਵਿਧਾ ਵਿਖੇ ਸਾਡੇ ਭਰਤੀ ਵਿਭਾਗ ਨਾਲ ਸੰਪਰਕ ਕਰੋ ਜਾਂ (888) 868-1103 ਉੱਤੇ ਗਾਹਕ ਸੇਵਾ ਨੂੰ ਕਾਲ ਕਰੋ।

## ਕੀਮਤ ਪਾਰਦਰਸ਼ਤਾ ਉੱਤੇ ਵਧੇਰੇ ਜਾਣਕਾਰੀ

California Rehabilitation Institute ਆਪਣੀ ਕੀਮਤ ਉੱਤੇ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਜਿਸ ਵਿੱਚ ਖਰੀਦਣਯੋਗ ਸੇਵਾਵਾਂ ਲਈ ਇੱਕ ਟੂਲ ਸ਼ਾਮਲ ਹੈ। ਕਿਰਪਾ ਕਰਕੇ https://www.californiarehabinstitute.com/patients-and-caregivers/admissions/pricing-transparency/ ਉੱਤੇ ਜਾਣਕਾਰੀ ਨੂੰ ਦੇਖੋ।

## ਘੱਟ ਆਮਦਨ ਵਾਲੇ ਅਤੇ ਕੁੱਝ ਖਾਸ ਮਰੀਜ਼ਾਂ ਲਈ ਸਰਕਾਰੀ ਪ੍ਰੋਗਰਾਮ

California Rehabilitation Institute ਦੀ Medi-Cal ਦੇ ਨਾਲ ਭਾਈਵਾਲੀ ਹੈ। ਮਰੀਜ਼ California Health Benefit Exchange (Covered California) ਰਾਹੀਂ ਸਬਸਿਡੀ ਵਾਲੀ ਕਵਰੇਜ ਲਈ ਵੀ ਯੋਗ ਹੋ ਸਕਦੇ ਹਨ।

## ਹੋਰ ਸਹਾਇਤਾ

ਇੱਥੇ ਮੁਫ਼ਤ ਉਪਭੋਗਤਾ ਸਲਾਹਕਾਰ ਸੰਗਠਨ ਹੈ ਜੋ ਬਿਲਿੰਗ ਅਤੇ ਭੁਗਤਾਨ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰੇਗਾ। ਤੁਸੀਂ Health Consumer Alliance ਨੂੰ 888-804-3536 'ਤੇ ਕਾਲ ਕਰ ਸਕਦੇ ਹੋ ਜਾਂ ਵਧੇਰੇ ਜਾਣਕਾਰੀ ਲਈ healthconsumer.org 'ਤੇ ਜਾ ਸਕਦੇ ਹੋ।

## ਹਸਪਤਾਲ ਬਿਲ ਸ਼ਿਕਾਇਤ ਪ੍ਰੋਗਰਾਮ (Hospital Bill Complaint Program)

Hospital Bill Complaint Program ਇੱਕ ਰਾਜ ਪ੍ਰੋਗਰਾਮ ਹੈ ਜੋ ਹਸਪਤਾਲ ਦੇ ਫ਼ੈਸਲਿਆਂ ਦੀ ਸਮੀਖਿਆ ਕਰਦਾ ਹੈ ਕਿ ਤੁਸੀਂ ਆਪਣੇ ਹਸਪਤਾਲ ਬਿਲ ਦੇ ਭੁਗਤਾਨ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੋ ਜਾਂ ਨਹੀਂ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਵਿੱਤੀ ਸਹਾਇਤਾ ਤੋਂ ਗ਼ਲਤ ਤਰੀਕੇ ਨਾਲ ਇਨਕਾਰ ਕੀਤਾ ਗਿਆ ਹੈ, ਤਾਂ ਤੁਸੀਂ Hospital Bill Complaint Program ਦੇ ਤਹਿਤ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਵਧੇਰੇ ਜਾਣਕਾਰੀ ਲਈ ਅਤੇ ਸ਼ਿਕਾਇਤ ਦਰਜ ਕਰਾਉਣ ਲਈ HospitalBillComplaintProgram.hcai.ca.gov 'ਤੇ ਜਾਓ।

**ਧਿਆਨ ਦਿਓ**: ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ ਕਿਰਪਾ ਕਰਕੇ (424) 522-7111 'ਤੇ ਫ਼ੋਨ ਕਰੋ ਜਾਂ ਪ੍ਰਬੰਧਕੀ ਵਿਭਾਗ ਵਿਖੇ ਜਾਓ। ਪ੍ਰਬੰਧਕੀ ਵਿਭਾਗ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਸਵੇਰੇ 6:15 ਵਜੇ ਤੋਂ ਸ਼ਾਮ 10:00 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ ਅਤੇ ਹਸਪਤਾਲ ਦੀ 9ਵੀਂ ਮੰਜ਼ਲ ਉੱਤੇ ਸਥਿਤ ਹੈ। ਅਪਾਹਜ ਲੋਕਾਂ ਲਈ, ਬ੍ਰੇਲ, ਵੱਡੇ ਪ੍ਰਿੰਟ, ਔਡੀਓ ਅਤੇ ਹੋਰ ਇਲੈਕਟ੍ਰੋਨਿਕ ਫੌਰਮੈਟਾਂ ਵਿੱਚ ਦਸਤਾਵੇਜ਼ਾਂ ਵਰਗੀਆਂ ਸਹਾਇਤਾਵਾਂ ਅਤੇ ਸੇਵਾਵਾਂ ਵੀ ਉਪਲਬਧ ਹਨ। ਇਹ ਸੇਵਾਵਾਂ ਮੁਫਤ ਹਨ।